# Cefixime Treatment
# Cefixime (ਸੈਫ਼ਿਕਸੈਮ) ਰਾਹੀਂ ਕੀਤਾ ਜਾਣ ਵਾਲਾ ਇਲਾਜ

Cefixime (Suprax®) ਮੂੰਹ ਰਾਹੀਂ ਖਾਧਾ ਜਾਣ ਵਾਲਾ ਇੱਕ ਐਂਟੀਬਾਇਓਟਿਕ (ਰੋਗਾਣੂਨਾਸ਼ਕ ਦਵਾਈ) ਹੈ ਜਿਹੜਾ ਸੰਭੋਗ ਕਾਰਣ ਹੋਈਆਂ ਇਨਫ਼ੈਕਸ਼ਨਾਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ।

**Allergies**
**ਐਲਰਜੀਆਂ**

- ਜੇ ਤੁਹਾਨੂੰ Penicillin-V-K (ਪੈਨੀਸੀਲਿਨ-ਵੀ-ਕੇ), Amoxicillin (ਐਮੋਕਸੀਸਿਲਿਨ) ਜਿਹੇ ਕਿਸੇ ਵੀ ਪੈਨੀਸੀਲਿਨ ਐਂਟੀਬਾਇਓਟਿਕ ਜਾਂ Cefixime (Suprax®), Cephalexin, Cefaclor ਜਿਹੇ ਕਿਸੇ ਵੀ ਸੈਫ਼ਲੋਸਪੋਰਿਨ ਤੋਂ ਕੋਈ ਐਲਰਜੀ ਹੈ ਤਾਂ ਤੁਹਾਨੂੰ ਸਿਹਤ ਸੰਭਾਲ ਪ੍ਰਦਾਨ ਕਰ ਰਹੇ ਕਰਮਚਾਰੀ ਨੂੰ ਦੱਸੋ।

**Pregnancy/Breastfeeding**
**ਗਰਭ ਅਵਸਥਾ/ਬੱਚੇ ਨੂੰ ਆਪਣਾ ਦੁੱਧ ਪਿਲਾਉਣਾ**

- ਗਰਭ ਅਵਸਥਾ ਦੌਰਾਨ Cefixime ਦੀ ਵਰਤੋਂ ਸਾਵਧਾਨੀ ਨਾਲ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਆਪਣੇ ਡਾਕਟਰ ਦੀ ਸਲਾਹ ਲਓ ਜੀ।
- ਬੱਚੇ ਨੂੰ ਆਪਣਾ ਦੁੱਧ ਪਿਲਾਉਂਦੇ ਹੋਏ Cefixime ਦੀ ਵਰਤੋਂ ਸਾਵਧਾਨੀ ਨਾਲ ਕਰੋ ਕਿਉਂਕਿ ਇਸ ਦੀ ਵਰਤੋਂ ਨਾਲ ਨਿੱਕੇ ਬੱਚੇ ਐਲਰਜੀ ਪ੍ਰਤੀ ਸੰਵੇਦਨਸ਼ੀਲ ਹੋ ਸਕਦੇ ਹਨ।

**CAUTION**
**ਸਾਵਧਾਨ**

- Cefixime ਦੀ ਖ਼ੁਰਾਕ ਤੋਂ ਬਾਅਦ ਟਾਈਫ਼ਾਈਡ (ਮਿਆਦੀ ਬੁਖ਼ਾਰ) ਦੀ ਮੂੰਹ ਰਾਹੀਂ ਖਾਧੀ ਜਾਣ ਵਾਲੀ ਵੈਕਸੀਨ (Vivotif®) ਦੇਣ ਤੋਂ ਪਹਿਲਾਂ 24 ਘੰਟੇ ਜਾਂ ਜ਼ਿਆਦਾ ਸਮਾਂ ਲੰਘ ਲੈਣ ਦਿਓ।
- **ਮਿਹਰਬਾਨੀ ਕਰਕੇ ਨੋਟ ਕਰੋ ਕਿ ਇੰਟ੍ਰਾਵੈਨਸ (ਅੰਤਰ-ਨਸੀ) ਦਵਾਈਆਂ ਇਸ ਦਸਤਾਵੇਜ਼ ਵਿਚ ਸ਼ਾਮਲ ਨਹੀਂ ਕੀਤੀਆਂ ਗਈਆਂ। ਜੇ ਤੁਸੀਂ ਇੰਟ੍ਰਾਵੈਨਸ ਰਾਹੀਂ ਕੋਈ ਦਵਾਈਆਂ ਲੈ ਰਹੇ ਹੋ, ਤਾਂ ਮਿਹਰਬਾਨੀ ਕਰਕੇ ਆਪਣੇ ਸਿਹਤ ਪ੍ਰੈਕਟੀਸ਼ਨਰ (ਪੇਸ਼ਾਵਰ) ਨੂੰ ਦੱਸ ਦੇਵੋ।**

**Tell your doctor if you are taking the following medication**
**ਜੇ ਤੁਸੀਂ ਹੇਠ ਲਿਖੀਆਂ ਦਵਾਈਆਂ ਲੈ ਹਰੇ ਹੋ ਤਾਂ ਆਪਣੇ ਡਾਕਟਰ ਨੂੰ ਦੱਸੋ**

- ਗਰਭ ਨਿਰੋਧਕ ਗੋਲ਼ੀਆਂ Estrogens/Progestrogens (ਐਸਟ੍ਰੋਜਨ/ਪ੍ਰੋਜੈਸਟੋਜੈਨ)
- ਗਠੀਆ/ਗਠੀਏ ਨਾਲ ਜੋੜਾਂ ਦਾ ਦਰਦ: ਫਰੋਬਣਨੲਚਦਿ (ਭਣਨੁਰੇਲੑ)

**Side Effects**
**ਮਾੜੇ ਪ੍ਰਭਾਵ**

- ਤੁਹਾਨੂੰ ਟੱਟੀਆਂ ਲੱਗ ਸਕਦੀਆਂ ਹਨ, ਜੀਅ ਕੱਚਾ ਹੋ ਸਕਦਾ ਹੈ, ਢਿੱਡ ਪੀੜ ਹੋ ਸਕਦੀ ਹੈ, ਉਲਟੀਆਂ ਲੱਗ ਸਕਦੀਆਂ ਹਨ, ਸਿਰ ਪੀੜ ਹੋ ਸਕਦਾ ਹੈ ਜਾਂ ਚੱਕਰ ਆ ਸਕਦੇ ਹਨ।
- ਜੇ ਤੁਹਾਡੇ ਟ੍ਰੀਟਮੈਂਟ ਤੋਂ ਬਾਅਦ ਕੋਈ ਪ੍ਰਤੀਕਰਮ ਜ਼ਾਹਰ ਹੁੰਦਾ ਹੈ (ਉਦਾਹਰਣ ਵਜੋਂ: ਛਪਾਕੀਆਂ, ਸਾਹ ਲੈਣ ਵਿੱਚ ਤਕਲੀਫ਼, ਮੂੰਹ, ਬੁੱਲ੍ਹਾਂ, ਜੀਭ ਅਤੇ ਗਲੇ ’ਚ ਸੋਜਸ਼) ਤਾਂ ਤੁਰੰਤ ਐਮਰਜੰਸੀ ਮੈਡੀਕਲ ਸਹਾਇਤਾ ਲਓ।

**Instructions for Taking**
**ਦਵਾਈ ਲੈਣ ਸੰਬੰਧੀ ਹਿਦਾਇਤਾਂ**

- ਗੋਲੀ(ਆਂ) ਨੂੰ ਇੱਕੋ ਸਮੇਂ ਇੱਕ ਖ਼ੁਰਾਕ ਵਜੋਂ ਲਓ।
- ਪੇਟ ਖ਼ਰਾਬ ਹੋਣ ਦੇ ਆਸਾਰ ਘਟਾਉਣ ਲਈ Cefixime ਨੂੰ ਭੋਜਨ ਦੇ ਨਾਲ ਲਿਆ ਜਾ ਸਕਦਾ ਹੈ।



BC Centre for Disease Control
STI/HIV Prevention and Control
655 West 12th Avenue
Vancouver, British Columbia
Canada V5Z 4R4

Tel 604 707-5600
Fax 604 707-5604
www.bccdc.ca
www.STDResource.com

*A research and teaching centre affiliated with UBC*

# Cefixime Treatment (cont'd)
# Cefixime (ਸੈਫ਼ਿਕਸੈਮ) ਰਾਹੀਂ ਕੀਤਾ ਜਾਣ ਵਾਲਾ ਇਲਾਜ (ਚਲਦਾ)

**Storage Instructions**
**ਰੱਖਣ ਸੰਬੰਧੀ ਹਿਦਾਇਤਾਂ**

- 15-30°C ਵਿਚਕਾਰ ਕਮਰੇ ਦੇ ਤਾਪਮਾਨ 'ਤੇ ਰੱਖੋ।
- ਰੋਸ਼ਨੀ, ਗਰਮੀ ਅਤੇ ਨਮੀ ਤੋਂ ਸੁਰੱਖਿਅਤ ਰੱਖੋ।
- ਮਿਆਦ ਖ਼ਤਮ ਹੋਣ ਦੀ ਪ੍ਰਿੰਟ ਕੀਤੀ ਹੋਈ ਤਾਰੀਖ਼ ਤੋਂ ਬਾਅਦ ਦਵਾਈਆਂ ਦੀ ਵਰਤੋਂ ਨਾ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

**Special Instructions**
**ਵਿਸ਼ੇਸ਼ ਹਿਦਾਇਤਾਂ**

- ਉਦੋਂ ਤਕ ਸੰਭੋਗ ਨਾ ਕਰੋ ਜਦੋਂ ਤਕ:
  - ਤੁਹਾਡੇ 1-ਦਿਨਾ ਇਲਾਜ ਨੂੰ ਇੱਕ ਹਫ਼ਤਾ ਪੂਰਾ ਨਹੀਂ ਹੋ ਜਾਂਦਾ; ਜਾਂ
  - ਤੁਹਾਡਾ 7-ਦਿਨਾ ਇਲਾਜ ਪੂਰਾ ਨਹੀਂ ਹੋ ਜਾਂਦਾ, ਅਤੇ
  - ਤੁਹਾਡੇ ਸੰਭੋਗ ਸਾਥੀ(ਆਂ) ਦਾ ਇਲਾਜ ਵੀ ਨਹੀਂ ਹੋ ਜਾਂਦਾ, ਭਾਵੇਂ ਉਨ੍ਹਾਂ ਦੇ ਟੈਸਟਾਂ ਦੇ ਨਤੀਜੇ ਨਾਂਹਪੱਖੀ ਹੀ ਹੋਣ।
- ਤੁਹਾਨੂੰ ਸਿਹਤ ਸੰਭਾਲ ਸੇਵਾ ਪ੍ਰਦਾਨ ਕਰਨ ਵਾਲੇ ਕਰਮਚਾਰੀ ਨੂੰ ਸੂਚਿਤ ਕਰੋ ਜੇ:
  - ਤੁਸੀਂ ਕਿਸੇ ਅਜਿਹੇ ਸਾਥੀ ਨਾਲ ਸੰਭੋਗ ਕੀਤਾ ਹੈ ਜਿਸ ਦਾ ਇਲਾਜ ਨਹੀਂ ਹੋਇਆ ਸੀ ਜਾਂ
  - ਤੁਸੀਂ ਆਪਣਾ ਜਾਂ ਆਪਣੇ ਸਾਥੀ(ਆਂ) ਦਾ ਇਲਾਜ ਪੂਰਾ ਹੋਣ ਤੋਂ ਪਹਿਲਾਂ ਸੰਭੋਗ ਕੀਤਾ ਹੈ।
- ਜੇ ਤੁਸੀਂ ਹਾਰਮੋਨਲ ਕਿਸਮ ਦਾ ਗਰਭ ਨਿਰੋਧਕ (ਮੂੰਹ ਰਾਹੀਂ ਖਾਧੀਆਂ ਜਾਣ ਵਾਲੀਆਂ ਦਵਾਈਆਂ, ਰਿੰਗ ਜਾਂ ਪੈਚ) ਵਰਤ ਰਹੇ ਹੋ ਤਾਂ ਆਪਣਾ ਮੌਜੂਦਾ ਮਾਹਵਾਰੀ ਚੱਕਰ ਪੂਰਾ ਹੋਣ ਤਕ ਗਰਭ ਨਿਰੋਧਨ ਦਾ ਇੱਕ ਹੋਰ ਗ਼ੈਰ-ਹਾਰਮੋਨਲ ਤਰੀਕਾ (ਜਿਵੇਂ ਕਿ ਕੰਡੋਮ/ਡਾਇਆਫ੍ਰੈਗਮ) ਵਰਤੋ।

ਜੇ ਤੁਹਾਡੇ ਕੋਈ ਹੋਰ ਸਵਾਲ ਹਨ ਜਾਂ ਜੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਜਾਂ ਸਥਾਨਕ ਹੈਲਥ ਯੂਨਿਟ ਨਾਲ ਸੰਪਰਕ ਕਰੋ ਜਾਂ ਹੇਠ ਲਿਖੀ ਸੰਪਰਕ ਜਾਣਕਾਰੀ ਦੇਖੋ।



BC Centre for Disease Control
STI/HIV Prevention and Control
655 West 12th Avenue
Vancouver, British Columbia
Canada V5Z 4R4

Tel 604 707-5600
Fax 604 707-5604
www.bccdc.ca
www.STDResource.com

*A research and teaching centre affiliated with UBC*